# PravasiBharatiya Divas Convention: 2021

January 07, 2021

## ਪ੍ਰਵਾਸੀ ਭਾਰਤੀ ਦਿਵਸ ਸੰਮੇਲਨ: 2021

7 ਜਨਵਰੀ, 2021

ਪ੍ਰਵਾਸੀ ਭਾਰਤੀ ਦਿਵਸ (PBD) ਸੰਮੇਲਨ ਵਿਦੇਸ਼ ਮੰਤਰਾਲੇ ਦਾ ਪ੍ਰਮੁੱਖ ਸਮਾਗਮ ਹੈ ਅਤੇ ਇਹ ਵਿਦੇਸ਼ੀ ਭਾਰਤੀਆਂ ਨਾਲ ਜੁੜਨ ਅਤੇ ਗੱਲਬਾਤ ਕਰਨ ਦਾ ਮਹੱਤਵਪੂਰਨ ਪਲੇਟਫਾਰਮ ਹੈ। ਸਾਡੇ ਸਰਗਰਮ ਪ੍ਰਵਾਸੀ ਭਾਈਚਾਰੇ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਮੌਜੂਦਾ COVID ਮਹਾਂਮਾਰੀ ਦੇ ਬਾਵਜੂਦ 16ਵਾਂ ਪ੍ਰਵਾਸੀ ਭਾਰਤੀ ਦਿਵਸ ਸੰਮੇਲਨ 9 ਜਨਵਰੀ, 2021 ਨੂੰ ਕਰਾਇਆ ਜਾ ਰਿਹਾ ਹੈ। ਇਹ ਕਨਵੈਨਸ਼ਨ ਵੀ  ਉਸੇ ਤਰਾਂ ਵਰਚੁਅਲ ਫਾਰਮੈਟ ਵਿੱਚ ਕਰਾਈ ਜਾਵੇਗੀ, ਜਿਵੇਂ ਇਸ ਸੰਮੇਲਨ ਦੀ ਸ਼ੁਰੂਆਤ ਤੋਂ ਪਹਿਲਾਂ ਦੀਆਂ PBD ਕਾਨਫਰੰਸਾਂ ਕਰਾਈਆਂ ਗਈਆਂ ਸੀ। 16ਵੇਂ PBD ਸੰਮੇਲਨ 2021 ਦਾ ਵਿਸ਼ਾ ਹੈ "ਆਤਮਨਿਰਭਰ ਭਾਰਤ ਬਣਾਉਣ ਵਿੱਚ ਯੋਗਦਾਨ"।

PBD ਸੰਮੇਲਨ ਦੇ ਤਿੰਨ ਹਿੱਸੇ ਹੋਣਗੇ। PBD ਸੰਮੇਲਨ ਦਾ ਉਦਘਾਟਨ ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਕਰਨਗੇ ਅਤੇ ਇਸ ਦੌਰਾਨ ਮੁੱਖ ਮਹਿਮਾਨ ਸੁਰੀਨਾਮ ਗਣਰਾਜ ਦੀ ਰਾਸ਼ਟਰਪਤੀ ਮਹਾਮਹਿਮ ਸ਼੍ਰੀਮਤੀ ਚੰਦਰਿਕਾਪ੍ਰਸਾਦ ਸੰਤੋਖੀ ਮੁੱਖ ਭਾਸ਼ਣ ਦੇਣਗੇ। ਨੌਜਵਾਨ ਲਈ ਹੋਏ 'ਭਾਰਤ ਨੂੰ ਜਾਣੋ' ਆਨਲਾਈਨ ਕਵਿਜ਼ ਦੇ ਜੇਤੂਆਂ ਦਾ ਐਲਾਨ ਵੀ ਕੀਤਾ ਜਾਵੇਗਾ।

ਉਦਘਾਟਨੀ ਸਤਰ ਤੋਂ ਬਾਅਦ ਦੋ ਪੂਰਨ ਸਤਰ ਹੋਣਗੇ। 'ਆਤਮਨਿਰਭਰ ਭਾਰਤ ਵਿੱਚ  ਪ੍ਰਵਾਸੀ ਭਾਈਚਾਰੇ ਦੀ ਭੂਮਿਕਾ' ਬਾਰੇ ਪਹਿਲੇ ਪੂਰਨ ਸਤਰ ਦੌਰਾਨ ਵਿਦੇਸ਼ ਮੰਤਰੀ ਅਤੇ ਵਣਜ ਅਤੇ ਉਦਯੋਗ ਮੰਤਰੀ ਭਾਸ਼ਣ ਦੇਣਗੇ ਜਦੋਂ ਕਿ ਦੂਜੇ ਪੂਰਨ ਸਤਰ 'COVID ਤੋਂ ਬਾਅਦ ਦੀਆਂ ਚੁਣੌਤੀਆਂ ਦਾ ਸਾਮ੍ਹਣਾ - ਸਿਹਤ, ਅਰਥਚਾਰੇ, ਸਮਾਜਿਕ ਅਤੇ ਅੰਤਰਰਾਸ਼ਟਰੀ ਸਬੰਧਾਂ ਦੇ ਪਰਿਪੇਖ' ਨੂੰ  ਸਿਹਤ ਅਤੇ ਵਿਦੇਸ਼ ਰਾਜ ਮੰਤਰੀ ਸੰਬੋਧਤ ਕਰਨਗੇ। ਦੋਨਾਂ ਪੂਰਨ ਸਤਰਾਂ ਦੌਰਾਨ ਪ੍ਰਵਾਸੀ ਭਾਈਚਾਰੇ ਨਾਲ ਜੁੜੇ ਮਾਹਰਾਂ ਦਰਮਿਆਨ ਪੈਨਲ ਵਿਚਾਰ ਵਟਾਂਦਰੇ ਹੋਣਗੇ।

ਸਮਾਰੋਹ ਦੀ ਸਮਾਪਤੀ ਵਿਦਾਈ ਸਤਰ ਨਾਲ ਹੋਵੇਗੀ, ਜਿਸ ਮੌਕੇ ਮਾਨਯੋਗ ਰਾਸ਼ਟਰਪਤੀ ਜੀ ਪ੍ਰਵਾਸੀ ਭਾਰਤੀ ਦਿਵਸ ਦੇ ਮੌਕੇ 'ਤੇ ਆਪਣਾ ਵਿਦਾਈ ਭਾਸ਼ਣ ਦੇਣਗੇ। 2020-21 ਦੇ ਪ੍ਰਵਾਸੀ ਭਾਰਤੀ ਸਨਮਾਨ ਪੁਰਸਕਾਰਾਂ ਦੇ ਜੇਤੂਆਂ ਦੇ ਨਾਮ ਵੀ ਐਲਾਨੇ ਜਾਣਗੇ। ਪ੍ਰਵਾਸੀ ਭਾਰਤੀ ਸਨਮਾਨ ਪੁਰਸਕਾਰ ਭਾਰਤ ਅਤੇ ਵਿਦੇਸ਼ਾਂ ਅੰਦਰ ਵੱਖ-ਵੱਖ ਖੇਤਰਾਂ ਵਿੱਚ ਪਰਵਾਸੀ ਭਾਈਚਾਰੇ ਵੱਲੋਂ ਮਾਰੀਆਂ ਗਈਆਂ ਮੱਲਾਂ ਅਤੇ ਵੱਖ ਵੱਖ ਖੇਤਰਾਂ ਵਿੱਚ ਉਨ੍ਹਾਂ ਦੇ ਯੋਗਦਾਨ ਦਾ ਸਨਮਾਨ ਕਰਨ ਲਈ ਚੁਣੇ ਗਏ ਭਾਰਤੀ ਪ੍ਰਵਾਸੀਆਂ ਨੂੰ ਦਿੱਤਾ ਜਾਂਦਾ ਹੈ।

"ਭਾਰਤ ਅਤੇ ਪ੍ਰਵਾਸੀ ਭਾਰਤੀ ਭਾਈਚਾਰੇ ਦੇ ਨੌਜਵਾਨਾਂ ਨੂੰ ਇੱਕੋ ਮੰਚ ਤੇ ਲਿਆਉਣਾ" ਵਿਸ਼ੇ 'ਤੇ ਨੌਜਵਾਨ PBD 8 ਜਨਵਰੀ, 2021 ਨੂੰ ਵਰਚੁਅਲ ਤੌਰ 'ਤੇ ਮਨਾਇਆ ਜਾਵੇਗਾ ਅਤੇ ਇਹ ਯੁਵਾ ਮਾਮਲਿਆਂ ਅਤੇ ਖੇਡ ਮੰਤਰਾਲੇ ਦੁਆਰਾ ਕਰਾਇਆ ਜਾਵੇਗਾ। ਨਿਊਜ਼ੀਲੈਂਡ ਦੀ ਸਮੁਦਾ ਅਤੇ ਵੋਲੰਟਰੀ ਖੇਤਰ ਦੀ ਮੰਤਰੀ ਪ੍ਰਿਯੰਕਾ ਰਾਧਾਕ੍ਰਿਸ਼ਨਨ ਇਸ ਮੌਕੇ 'ਤੇ ਖਾਸ ਮਹਿਮਾਨ ਹੋਣਗੇ।

ਇਹ ਪ੍ਰੋਗਰਾਮ PBD ਦੀ ਵੈੱਬਸਾਈਟ http://www।pbdindia।gov।in ਅਤੇ https://www।youtube।com/user/MEAIndia 'ਤੇ ਸਿੱਧਾ ਪ੍ਰਸਾਰਤ ਕੀਤਾ ਜਾਵੇਗਾ।

ਨਵੀਂ ਦਿਲੀ
ਜਨਵਰੀ 07, 2021

DISCLAIMER: This is an approximate translation. The original is available in English on MEA’s website and may be referred to as the official press release.